بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਇ ਮੋਤਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 02 ਮਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਮੋਤਾ ਦਾ ਜ਼ਿਕਰ ਹੋ ਰਿਹਾ ਸੀ, ਇਸ ਬਾਰੇ ਹੋਰ ਤਫ਼ਸੀਲ ਇਸ ਤਰ੍ਹਾਂ ਹੈ ਕਿ ਆਂਹਜ਼ਰਤ ਸੱਲ-ੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੂੰ ਅਲਵਿਦਾ ਕਿਹਾ ਤਾਂ ਹਜ਼ਰਤ ਅਬਦੁੱਲਾ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! (ਸੱਲ-ੱਲਾਹੁ ਅਲੈਹਿ-ਵਸੱਲਮ) ਮੈਨੂੰ ਕਿਸੇ ਅਜਿਹੀ ਚੀਜ਼ ਦਾ ਹੁਕਮ ਦਿਓ ਜਿਹੜੀ ਮੈਂ ਆਪ ਸੱਲ-ੱਲਾਹੁ ਅਲੈਹਿ-ਵਸੱਲਮ ਵੱਲੋਂ ਯਾਦ ਕਰ ਲਵਾਂ। ਆਂਹਜ਼ਰਤ ਸੱਲ-ੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕੱਲ ਤੂੰ ਅਜਿਹੇ ਸ਼ਹਿਰ ਵਿੱਚ ਪਹੁੰਚੇਂਗਾ ਜਿੱਥੇ ਸਜਦੇ ਘੱਟ ਹੁੰਦੇ ਹਨ, ਬਸ ਤੂੰ ਉੱਥੇ ਸਜਦੇ ਬਹੁਤ ਜ਼ਿਆਦਾ ਕਰੀਂ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਬਹੁਤ ਵੱਡੀ ਨਸੀਹਤ ਹੈ, ਅੱਜ ਕੱਲ ਅਸੀਂ ਜਿਹਨਾਂ ਮੁਲਕਾਂ ਵਿੱਚ ਰਹਿ ਰਹੇ ਹਾਂ ਇੱਥੇ ਲੋਕ ਖ਼ੁਦਾ ਨੂੰ ਭੁਲਾ ਚੁੱਕੇ ਹਨ। ਇਸ ਦੌਰ ਵਿੱਚ ਅਹਮਦੀਆਂ ਨੂੰ ਆਪਣੀਆਂ ਇਬਾਦਤਾਂ ਵੱਲ ਬਹੁਤ ਤਵੱਜੋ ਕਰਨੀ ਚਾਹੀਦੀ ਹੈ। ਫਿਰ ਆਪ ਰਜ਼ਿ ਅੱਲਾਹੁ ਅਨਹੁ ਦੀ ਦਰਖ਼ਾਸਤ 'ਤੇ ਆਂਹਜ਼ਰਤ ਸੱਲ-ੱਲਾਹੁ ਅਲੈਹਿ-ਵਸੱਲਮ ਨੇ ਹੋਰ ਫ਼ਰਮਾਇਆ ਕਿ ਅੱਲਾਹ ਤਆਲਾ ਦਾ ਜ਼ਿਕਰ ਕਰਿਆ ਕਰੋ, ਇਹ ਹਰ ਮਾਮਲੇ ਵਿੱਚ ਤੁਹਾਡਾ ਮਦਦਗਾਰ ਹੈ। ਜਦ ਹਜ਼ਰਤ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ ਜਾਣ ਲੱਗੇ ਤਾਂ ਵਾਪਸ ਆਏ ਅਤੇ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! (ਸੱਲ-ੱਲਾਹੁ ਅਲੈਹਿ-ਵਸੱਲਮ) ਅੱਲਾਹ ਵਿਤਰ (ਇਕਹਰਾ) ਹੈ ਅਤੇ ਵਿਤਰ ਨੂੰ ਪਸੰਦ ਕਰਦਾ ਹੈ। ਤਾਂ ਆਪ ਸੱਲ-ੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਸਵਾਲ ਕਰਦੇ ਜਾਓਗੇ ਐ ਇਬਨਿ ਰਵਾਹਾ? ਹੁਣ ਬਸ ਕਰ। ਜਦ ਤੂੰ ਲਾਚਾਰ ਹੋ ਜਾਵੇਂਗਾ ਅਤੇ ਜੇਕਰ ਤੂੰ 10 ਆਦਮੀਆਂ ਨਾਲ਼ ਬੁਰਾਈ ਕੀਤੀ ਹੋਵੇ ਤਾਂ ਇੱਕ ਨਾਲ਼ ਨੇਕੀ ਕਰਨ ਤੋਂ ਲਾਚਾਰ ਨਾ ਹੋਣਾ। ਯਾਨੀ ਇੰਨੀਆਂ ਬੁਰਾਈਆਂ ਦੇ ਬਾਅਦ ਵੀ ਅੱਲਾਹ ਤਆਲਾ ਦੀ ਖ਼ਾਤਿਰ ਜੇਕਰ ਨੇਕੀ ਕਰੋਗੇ, ਅੱਲਾਹ ਤਆਲਾ ਦਾ ਖ਼ੌਫ਼ ਦਿਲ ਵਿੱਚ ਹੋਵੇਗਾ ਤਾਂ ਅੱਲਾਹ ਤਆਲਾ ਮੁਆਫ਼ ਕਰਨ ਵਾਲਾ ਹੈ। ਬਸ ਅੱਲਾਹ ਤਆਲਾ ਨੇਕੀ ਕਰਨ ਵਾਲਿਆਂ ਨੂੰ ਬਖ਼ਸ਼ਦਾ ਹੈ, ਉਸਦੀ ਰਹਿਮਤ ਬਹੁਤ ਫੈਲੀ ਹੋਈ ਹੈ। ਜਿੱਥੋਂ ਤੱਕ ਹੋ ਸਕੇ ਇਸ ਕੋਸ਼ਿਸ਼ ਵਿੱਚ ਰਹੋ ਕਿ ਨੇਕੀ ਕਰਨੀ ਹੈ ਅਤੇ ਬੁਰਾਈ ਤੋਂ ਬਚਣਾ ਹੈ। ਇਹ ਨਹੀਂ ਕਿ ਹਰ ਵਾਰ 10 ਬੁਰਾਈਆਂ ਕਰੋ ਅਤੇ ਉਸਦੇ ਬਾਅਦ ਕਹੋ ਕਿ ਇੱਕ ਨੇਕੀ ਕਰ ਲਈ। ਬਹਰਹਾਲ ਇਹ ਆਂਹਜ਼ਰਤ ਸੱਲ-ੱਲਾਹੁ ਅਲੈਹਿ-ਵਸੱਲਮ ਨੇ ਜਦ ਫ਼ਰਮਾਇਆ ਕਿ ਤੂੰ ਇੱਕ ਨੇਕੀ ਕਰਨ ਤੋਂ ਵੀ ਲਾਚਾਰ ਨਾ ਹੋਣਾ। ਇਸ 'ਤੇ ਹਜ਼ਰਤ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! (ਸੱਲ-ੱਲਾਹੁ ਅਲੈਹਿ-ਵਸੱਲਮ) ਮੈਂ ਇਸ ਦੇ ਬਾਅਦ ਆਪ ਸੱਲ-ੱਲਾਹੁ ਅਲੈਹਿ-ਵਸੱਲਮ ਤੋਂ ਕੋਈ ਸਵਾਲ ਨਹੀਂ ਕਰਾਂਗਾ।

ਜਦ ਹਜ਼ਰਤ ਅਬਦੁੱਲਾ ਰਜ਼ਿ ਅੱਲਾਹੁ ਅਨਹੁ ਨੂੰ ਅਲਵਿਦਾ ਕਿਹਾ ਗਿਆ ਤਾਂ ਉਹ ਰੋ ਪਏ। ਲੋਕਾਂ ਦੇ ਪੁੱਛਣ 'ਤੇ ਆਪ ਨੇ ਅੱਲਾਹ ਦੀ ਸਹੁੰ ਖਾ ਕੇ ਕਿਹਾ ਕਿ ਮੈਨੂੰ ਨਾ ਦੁਨਿਆ ਨਾਲ਼ ਮੁਹੱਬਤ ਹੈ ਅਤੇ ਨਾ ਤੁਹਾਡੇ ਨਾਲ਼। ਮੈਂ ਰਸੂਲੁੱਲਾਹ ਸੱਲ-ੱਲਾਹੁ ਅਲੈਹਿ-ਵਸੱਲਮ ਨੂੰ ਇਹ ਆਇਤ ਪੜ੍ਹਦੇ ਹੋਏ ਸੁਣਿਆ ਹੈ ਜਿਸ ਵਿੱਚ ਅੱਗ ਦਾ ਜ਼ਿਕਰ ਹੈ ਅਤੇ ਮੈਂ ਨਹੀਂ

ਜਾਣਦਾ ਕਿ ਅੱਗ 'ਤੇ ਵਾਰਿਦ ਹੋਣ ਦੇ ਬਾਅਦ ਮੇਰੀ ਕੀ ਹਾਲਤ ਹੋਵੇਗੀ। ਇਸ 'ਤੇ ਲੋਕਾਂ ਨੇ ਉਹਨਾਂ ਨੂੰ ਤਸੱਲੀ ਦਿੱਤੀ ਅਤੇ ਦੁਆ ਦਿੱਤੀ ਕਿ ਖ਼ੈਰੀਅਤ ਨਾਲ਼ ਆਪ ਸਭ ਸਾਡੇ ਵੱਲ ਵਾਪਸ ਆਓ।

ਜੁਮਏ ਦੇ ਦਿਨ ਮੁਹਿੰਮ ਵਿੱਚ ਸ਼ਾਮਿਲ ਸਾਰੇ ਲੋਕ ਰਵਾਨਾ ਹੋ ਗਏ ਪਰ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੇ ਇਹ ਸੋਚਿਆ ਕਿ ਮੈਂ ਜੁਮਏ ਦੀ ਨਮਾਜ਼ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਿੱਛੇ ਅਦਾ ਕਰਕੇ ਉਹਨਾਂ ਨਾਲ਼ ਜਾ ਮਿਲ਼ਾਂਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਨੂੰ ਦੇਖ ਕੇ ਪੁੱਛਿਆ ਕਿ ਤੈਨੂੰ ਕਿਸ ਚੀਜ਼ ਨੇ ਆਪਣੇ ਸਾਥੀਆਂ ਦੇ ਨਾਲ਼ ਰਵਾਨਾ ਹੋਣ ਤੋਂ ਰੋਕੇ ਰੱਖਿਆ? ਇਸ 'ਤੇ ਹਜ਼ਰਤ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਮੈਂ ਚਾਹਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਨਮਾਜ਼ਿ ਜੁਮਆ ਅਦਾ ਕਰਕੇ ਆਪਣੇ ਸਾਥੀਆਂ ਨਾਲ਼ ਜਾ ਮਿਲ਼ਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ 'ਤੇ ਫ਼ਰਮਾਇਆ ਕਿ ਜ਼ਮੀਨ ਵਿੱਚ ਜੋ ਕੁੱਝ ਹੈ ਜੇਕਰ ਤੂੰ ਉਹ ਸਭ ਖ਼ਰਚ ਕਰ ਦੇਵੇ ਤਾਂ ਜਿਹੜੇ ਲੋਕ ਇਸ ਮੁਹਿੰਮ 'ਤੇ ਰਵਾਨਾ ਹੋ ਗਏ ਹਨ, ਤੂੰ ਉਹਨਾਂ ਦੇ ਫ਼ਜ਼ਲ ਨੂੰ ਨਹੀਂ ਪਾ ਸਕਦਾ।

ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਇਕ ਮਾਹਿਰ ਘੋੜ ਸਵਾਰ ਸਨ। ਉਹ ਵੀ ਇਸ ਮੁਹਿੰਮ ਵਿੱਚ ਇੱਕ ਆਮ ਸਿਪਾਹੀ ਦੇ ਤੌਰ 'ਤੇ ਸ਼ਰੀਕ ਸਨ। ਇਸ ਮੁਹਿੰਮ ਦੀ ਰਵਾਨਗੀ ਵੇਲ਼ੇ ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੂੰ ਇਸਲਾਮ ਕ਼ਬੂਲ ਕੀਤੇ ਅਜੇ ਤਿੰਨ ਮਹੀਨੇ ਹੋਏ ਸਨ। ਮੁਸਲਮਾਨ ਅਜੇ ਰਵਾਨਾ ਹੀ ਹੋਏ ਸਨ ਕਿ ਦੁਸ਼ਮਣਾਂ ਨੂੰ ਮੁਸਲਮਾਨਾਂ ਦੀ ਰਵਾਨਗੀ ਦੀ ਖ਼ਬਰ ਮਿਲ਼ ਗਈ ਅਤੇ ਉਹਨਾਂ ਨੇ ਵੀ ਫ਼ੌਜ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਮੁਸਲਮਾਨਾਂ ਨੂੰ ਖ਼ਬਰ ਮਿਲ਼ੀ ਕਿ ਫ਼ੌਜ ਦੀ ਤਾਅਦਾਦ 1 ਲੱਖ ਦੇ ਕ਼ਰੀਬ ਹੈ। ਇਸ ਮੌਕ਼ੇ 'ਤੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੇ ਸਹਾਬਾ ਦਾ ਹੌਂਸਲਾ ਵਧਾਇਆ ਅਤੇ ਉਹਨਾਂ ਨੂੰ ਕਿਹਾ ਕਿ ਦੋਹਾਂ ਯਾਨੀ ਸ਼ਹਾਦਤ ਅਤੇ ਫ਼ਤਿਹ ਵਿੱਚੋਂ ਦੋਹੇਂ ਤੁਹਾਡੇ ਲਈ ਬਿਹਤਰ ਹਨ ਅਤੇ ਉਸੇ ਦੀ ਤੁਸੀਂ ਤਮੰਨਾ ਕਰਕੇ ਨਿਕਲ਼ੇ ਸੀ। ਇਹ ਸੁਣ ਕੇ ਸਾਰੀ ਫ਼ੌਜ ਨੇ ਕਿਹਾ ਕਿ ਇਬਨਿ ਰਵਾਹਾ ਨੇ ਠੀਕ ਕਿਹਾ। ਸਹਾਬਾ ਅੱਗੇ ਵਧੇ ਤਾਂ ਮਸ਼ਰਫ਼ ਦੀ ਬਸਤੀ ਦੇ ਕ਼ਰੀਬ ਉਹਨਾਂ ਨੂੰ ਹਰਕ਼ਲ ਦੀ ਫ਼ੌਜ ਮਿਲ਼ੀ, ਜਿਹੜੀ ਰੋਮ ਦੇ ਵਸਨੀਕਾਂ ਅਤੇ ਅਰਬ ਦੇ ਵਸਨੀਕਾਂ 'ਤੇ ਮੁਸ਼ਤਮਿਲ ਸੀ। ਮੁਸਲਮਾਨਾਂ ਨੇ ਉਹਨਾਂ ਨੂੰ ਦੇਖਿਆ ਤਾਂ ਉਸ ਬਸਤੀ ਵੱਲ ਹਟ ਗਏ ਜਿਸ ਨੂੰ ਮੋਤਾ ਕਿਹਾ ਜਾਂਦਾ ਹੈ। ਉਸ ਮੁਕ਼ਾਮ 'ਤੇ ਮੁਸਲਮਾਨਾਂ ਨੇ ਜੰਗ ਦੀ ਤਿਆਰੀ ਕੀਤੀ। ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਇਸ ਜੰਗ ਵਿੱਚ ਸ਼ਰੀਕ ਹੋਏ ਸਨ, ਉਹ ਕਹਿੰਦੇ ਹਨ ਕਿ ਜਦ ਦੁਸ਼ਮਣ ਸਾਡੇ ਕ਼ਰੀਬ ਹੋਇਆ ਤਾਂ ਅਸੀਂ ਇੰਨੀ ਜ਼ਿਆਦਾ ਤਾਅਦਾਦ, ਇੰਨੀ ਚੰਗੀ ਤਿਆਰੀ, ਘੋੜੇ ਅਤੇ ਸੋਨਾ ਵਗ਼ੈਰਾ ਪਹਿਲੇ ਨਹੀਂ ਦੇਖਿਆ ਸੀ, ਉਸ ਨੂੰ ਦੇਖ ਕੇ ਮੇਰੀਆਂ ਅੱਖਾਂ ਤਾਂ ਚੌਂਧਿਆ ਗਈਆਂ। ਇਸ 'ਤੇ ਮੈਨੂੰ ਹਜ਼ਰਤ ਸਾਬਿਤ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਤੂੰ ਫ਼ੌਜ ਦੀ ਜ਼ਿਆਦਾ ਤਾਅਦਾਦ ਦੇਖ ਰਿਹਾ ਹੈਂ, ਤੂੰ ਸਾਡੇ ਨਾਲ਼ ਗ਼ਜ਼ਵਇ ਬਦਰ ਵਿੱਚ ਸ਼ਰੀਕ ਨਹੀਂ ਸੀ, ਅਸੀਂ ਉੱਥੇ ਵੀ ਜ਼ਿਆਦਾ ਤਾਅਦਾਦ ਦੀ ਵਜ੍ਹਾ ਨਾਲ਼ ਨਹੀਂ ਜਿੱਤੇ ਸੀ।

ਜਦ ਜੰਗ ਸ਼ੁਰੂ ਹੋਈ ਤਾਂ ਜ਼ਬਰਦਸਤ ਲੜਾਈ ਹੋਈ ਅਤੇ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਝੰਡੇ ਨਾਲ਼ ਜਿਹਾਦ ਕੀਤਾ ਅਤੇ ਬਹਾਦੁਰੀ ਨਾਲ਼ ਜਾਮਿ ਸ਼ਹਾਦਤ ਪੀਤਾ। ਉਸਦੇ ਬਾਅਦ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਨੇ ਇਸਲਾਮੀ ਝੰਡਾ ਸੰਭਾਲਿਆ ਤੇ ਜਿਹਾਦ ਕੀਤਾ ਇਥੋਂ ਤੱਕ ਕਿ ਉਹ ਵੀ ਸ਼ਹੀਦ ਹੋ ਗਏ। ਇੱਕ ਰਿਵਾਇਤ ਦੇ ਮੁਤਾਬਿਕ਼ ਹਜ਼ਰਤ ਜਾਅਫ਼ਰ ਬਿਨ ਅਬੂ ਤਾਲਿਬ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਸੱਜੇ ਹੱਥ ਵਿੱਚ ਝੰਡਾ ਫੜਿਆ, ਜਦ ਉਹ ਵੱਢਿਆ ਗਿਆ ਤਾਂ ਖੱਬੇ ਹੱਥ ਵਿੱਚ ਝੰਡਾ ਫੜ ਲਿਆ, ਜਦ ਉਹ ਵੀ ਵੱਢਿਆ ਗਿਆ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਇਸਲਾਮੀ ਝੰਡੇ ਨੂੰ ਆਪਣੀਆਂ ਕੂਹਣੀਆਂ ਦੇ ਨਾਲ਼ ਸੀਨੇ ਨਾਲ਼ ਲਾ ਲਿਆ। ਸ਼ਹਾਦਤ ਦੇ ਵੇਲ਼ੇ ਉਹਨਾਂ ਦੀ ਉਮਰ 33 ਸਾਲ ਸੀ। ਸ਼ਹਾਦਤ ਦੇ ਬਾਅਦ ਆਪ ਰਜ਼ਿ ਅੱਲਾਹੁ ਅਨਹੁ ਦੇ ਜਿਸਮ 'ਤੇ 60 ਦੇ ਕ਼ਰੀਬ ਜ਼ਖ਼ਮ ਦੇਖੇ ਗਏ, ਉਹਨਾਂ ਵਿੱਚੋਂ ਕੋਈ ਵੀ ਜ਼ਖ਼ਮ ਆਪ ਰਜ਼ਿ ਅੱਲਾਹੁ ਅਨਹੁ ਦੀ ਪਿੱਠ 'ਤੇ ਨਹੀਂ ਸੀ।

ਆਪ ਦੀ ਸ਼ਹਾਦਤ ਦੇ ਬਾਅਦ ਇਸਲਾਮੀ ਫ਼ੌਜ ਦਾ ਝੰਡਾ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੇ ਥੰਮ ਲਿਆ। ਆਪ ਰਜ਼ਿ ਅੱਲਾਹੁ ਅਨਹੁ ਨੂੰ ਗੋਸ਼ਤ ਦਾ ਇੱਕ ਟੁਕੜਾ ਪੇਸ਼ ਕੀਤਾ ਗਿਆ ਕਿ ਲੜਾਈ ਤੋਂ ਪਹਿਲਾਂ ਇਸ ਨਾਲ਼ ਕੁੱਝ ਤਾਕ਼ਤ ਹਾਸਿਲ ਕਰ ਲਵੇ, ਅਜੇ ਆਪ ਰਜ਼ਿ ਅੱਲਾਹੁ ਅਨਹੁ ਨੇ ਉਸ ਵਿੱਚੋਂ ਕੁੱਝ ਹਿੱਸਾ ਤੋੜਿਆ ਹੀ ਸੀ ਕਿ ਇੱਕ ਪਾਸਿਓਂ ਤਲਵਾਰਾਂ ਚੱਲਣ ਦੀ ਆਵਾਜ਼ ਆਈ, ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਆਪ ਨੂੰ ਕਿਹਾ ਕਿ ਤੂੰ ਅਜੇ ਤੱਕ

ਇਸ ਦੁਨਿਆ ਵਿੱਚ ਹੀ ਹੈਂ ਯਾਨੀ ਜੰਗ ਸ਼ੁਰੂ ਹੋ ਗਈ ਹੈ ਅਤੇ ਤੂੰ ਗੋਸ਼ਤ ਖਾ ਰਿਹਾ ਹੈਂ। ਆਪ ਰਜ਼ਿ ਅੱਲਾਹੁ ਅਨਹੁ ਨੇ ਉਹ ਗੋਸ਼ਤ ਦਾ ਟੁਕੜਾ ਛੱਡਿਆ ਅਤੇ ਫ਼ੌਰਨ ਜੰਗ ਵਿੱਚ ਛਾਲ ਮਾਰ ਦਿੱਤੀ ਅਤੇ ਨਿਹਾਇਤ ਬਹਾਦੁਰੀ ਨਾਲ਼ ਲੜਦੇ ਹੋਏ ਸ਼ਹੀਦ ਹੋ ਗਏ ਅਤੇ ਉਹਨਾਂ ਦੇ ਹੱਥੋਂ ਝੰਡਾ ਡਿੱਗ ਗਿਆ। ਜਦ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਸ਼ਹੀਦ ਹੋ ਗਏ ਤਾਂ ਮੁਸਲਮਾਨਾਂ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ, ਕੋਈ ਦੋ ਮੁਸਲਮਾਨ ਵੀ ਇਕੱਠੇ ਲੜਾਈ ਕਰਦੇ ਨਜ਼ਰ ਨਾ ਆਏ। ਅਜਿਹੇ ਵਿੱਚ ਇੱਕ ਅੰਸਾਰੀ ਸ਼ਖ਼ਸ ਨੇ ਇਸਲਾਮੀ ਝੰਡਾ ਚੁੱਕ ਲਿਆ। ਉਹ ਦੌੜਦਾ ਹੋਇਆ ਆਇਆ, ਉਸਨੇ ਲੋਕਾਂ ਦੇ ਅੱਗੇ ਝੰਡਾ ਗੱਡ ਦਿੱਤਾ, ਫਿਰ ਉਸਨੇ ਕਿਹਾ ਕਿ ਲੋਕੋ ਮੇਰੇ ਵੱਲ ਆਓ। ਲੋਕ ਉਸਦੇ ਵੱਲ ਜਮ੍ਹਾ ਹੋ ਗਏ, ਜਦ ਉਹਨਾਂ ਦੀ ਤਾਅਦਾਦ ਜ਼ਿਆਦਾ ਹੋ ਗਈ ਤਾਂ ਉਹ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਗਏ। ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਮੈਂ ਇਸ ਨੂੰ ਤੁਹਾਡੇ ਕੋਲੋਂ ਨਹੀਂ ਲਵਾਂਗਾ, ਤੁਸੀਂ ਉਸ ਦੇ ਜ਼ਿਆਦਾ ਹੱਕ਼ਦਾਰ ਹੋ। ਇਸ 'ਤੇ ਉਸ ਅੰਸਾਰੀ ਨੇ ਕਿਹਾ ਕਿ ਮੈਂ ਇਹ ਝੰਡਾ ਫੜਿਆ ਹੀ ਆਪ ਰਜ਼ਿ ਅੱਲਾਹੁ ਅਨਹੁ ਦੇ ਲਈ ਹੈ। ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੇ ਝੰਡਾ ਥੱਮਿਆ ਤਾਂ ਉਹਨਾਂ ਨੇ ਲੋਕਾਂ ਦੀ ਹਿਫ਼ਾਜ਼ਤ ਕੀਤੀ, ਉਹਨਾਂ ਨੂੰ ਸਮੇਟ ਕੇ ਇਕੱਠਾ ਕੀਤਾ ਅਤੇ ਇਸਲਾਮੀ ਫ਼ੌਜ ਨੂੰ ਇੱਕ ਪਾਸੇ ਹਟਾ ਲਿਆ। ਦੁਸ਼ਮਣ ਵੀ ਉਹਨਾਂ ਦੇ ਪਿੱਛੇ ਹਟ ਗਿਆ ਅਤੇ ਉਹ ਲੋਕਾਂ ਨੂੰ ਬਚਾ ਕੇ ਵਾਪਸ ਲੈ ਆਏ। ਇਬਨਿ ਇਸਹਾਕ਼ ਦੇ ਮੁਤਾਬਿਕ਼ ਰੋਮੀਆਂ ਤੋਂ ਇਹ ਦੂਰ ਹਟਣਾ ਹੀ ਦਰਅਸਲ ਉਹਨਾਂ ਤੋਂ ਬਚਣਾ ਸੀ, ਕਿਉਂਕਿ ਉਸ ਵੇਲ਼ੇ 3 ਹਜ਼ਾਰ ਵਿੱਚੋਂ 2000 ਮੁਸਲਮਾਨ ਸਿਪਾਹੀ ਦੁਸ਼ਮਣ ਦੀ ਫ਼ੌਜ ਨਾਲ਼ ਰਲ਼ ਮਿਲ਼ ਗਏ ਸਨ, ਯਾਨੀ ਦੋਹੇਂ ਫ਼ੌਜਾਂ ਬਿਲਕੁਲ ਗੁੱਥਮ ਗੁੱਥਾ ਸਨ। ਦੁਸ਼ਮਣ ਨੇ ਪੂਰੀ ਤਰ੍ਹਾਂ ਮੁਸਲਮਾਨਾਂ ਨੂੰ ਘੇਰ ਲਿਆ ਸੀ ਅਤੇ ਉਹ ਉਹਨਾਂ 'ਤੇ ਚੰਗੀ ਤਰ੍ਹਾਂ ਜਮ੍ਹਾ ਹੋ ਚੁੱਕੇ ਸਨ। ਅਜਿਹੇ ਵਿੱਚ ਮੁਸਲਮਾਨਾਂ ਨੂੰ ਬਚਾ ਕੇ ਕੱਢ ਲੈਣਾ ਹੀ ਫ਼ਤਿਹ ਸੀ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਫ਼ਤਿਹ ਦੇ ਵੀ ਕਈ ਪਹਿਲੂ ਹੁੰਦੇ ਹਨ।

ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ, ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ਦਾ ਲੋਕਾਂ ਨੂੰ ਦੱਸਿਆ, ਇਸ ਤੋਂ ਪਹਿਲਾਂ ਕਿ ਲੋਕਾਂ ਦੇ ਕੋਲ਼ ਉਹਨਾਂ ਦੀ ਖ਼ਬਰ ਆਉਂਦੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜ਼ੈਦ ਨੇ ਝੰਡਾ ਲਿਆ ਅਤੇ ਉਹ ਸ਼ਹੀਦ ਹੋ ਗਏ ਫਿਰ ਜਾਅਫ਼ਰ ਨੇ ਝੰਡਾ ਲਿਆ ਅਤੇ ਉਹ ਵੀ ਸ਼ਹੀਦ ਹੋ ਗਏ ਫਿਰ ਇਬਨਿ ਰਵਾਹਾ ਨੇ ਲਿਆ ਅਤੇ ਉਹ ਵੀ ਸ਼ਹੀਦ ਹੋ ਗਏ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅੱਖਾਂ ਹੰਝੂ ਵਹਾ ਰਹੀਆਂ ਸਨ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਸ ਦੇ ਬਾਅਦ ਝੰਡਾ ਅੱਲਾਹ ਦੀਆਂ ਤਲਵਾਰਾਂ ਵਿੱਚੋਂ ਇੱਕ ਤਲਵਾਰ ਨੇ ਲਿਆ ਅਤੇ ਅੱਲਾਹ ਨੇ ਉਹਨਾਂ ਦੇ ਹੱਥ 'ਤੇ ਮੁਸਲਮਾਨਾਂ ਨੂੰ ਫ਼ਤਿਹ ਦਿੱਤੀ। ਉਸ ਦਿਨ ਤੋਂ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ ਸੈਫ਼ੁੱਲਾਹ ਯਾਨੀ ਅੱਲਾਹ ਦੀ ਤਲਵਾਰ ਕਿਹਾ ਜਾਣ ਲੱਗਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਜਦ ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੇ ਇਸਲਾਮੀ ਫ਼ੌਜ ਦੀ ਕਮਾਨ ਸੰਭਾਲੀ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਫ਼ੌਜ ਦੇ ਅਗਲੇ ਹੱਸੇ ਨੂੰ ਪਿੱਛੇ ਅਤੇ ਪਿਛਲੇ ਹਿੱਸੇ ਨੂੰ ਅੱਗੇ ਕਰ ਦਿੱਤਾ। ਸੱਜੇ ਹਿੱਸੇ ਨੂੰ ਖੱਬੇ ਕਰ ਦਿੱਤਾ ਅਤੇ ਖੱਬੇ ਹਿੱਸੇ ਨੂੰ ਸੱਜੇ ਕਰ ਦਿੱਤਾ। ਅਤੇ ਚੰਗੇ ਜ਼ੋਰ ਨਾਲ਼ ਨਾਅਰੇ ਲਗਾਏ ਜਿਸ ਨਾਲ਼ ਦੁਸ਼ਮਣ ਨੇ ਇਹ ਸਮਝਿਆ ਕਿ ਮੁਸਲਮਾਨਾਂ ਲਈ ਮਦਦ ਆ ਗਈ ਹੈ ਅਤੇ ਉਹ ਪਿੱਛੇ ਹੱਟ ਗਿਆ ਅਤੇ ਖ਼ਾਲਿਦ ਮੁਸਲਮਾਨਾਂ ਨੂੰ ਬਚਾ ਕੇ ਵਾਪਸ ਲੈ ਆਏ।

ਝੰਡੇ ਦੇ ਅਦਬ ਅਤੇ ਇਹਤਰਾਮ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਜਦ ਕਿਸੇ ਕ਼ੌਮ ਦੇ ਲੋਕਾਂ ਦੇ ਦਿਲਾਂ ਵਿੱਚ ਉਹਨਾਂ ਦੇ ਝੰਡੇ ਦੀ ਅਜ਼ਮਤ ਕ਼ਾਇਮ ਕਰ ਦਿੱਤੀ ਜਾਂਦੀ ਹੈ ਤਾਂ ਉਹ ਉਹਨਾਂ ਨੂੰ ਇਸ ਗੱਲ ਦੇ ਲਈ ਤਿਆਰ ਕਰ ਦਿੰਦੀ ਹੈ ਕਿ ਜੇਕਰ ਆਪਣੇ ਝੰਡੇ ਦੀ ਹਿਫ਼ਾਜ਼ਤ ਦੇ ਲਈ ਉਹਨਾਂ ਨੂੰ ਆਪਣੀਆਂ ਜਾਨਾਂ ਵੀ ਕ਼ੁਰਬਾਨ ਕਰਨੀਆਂ ਪੈਣ ਤਾਂ ਬਿਨਾਂ ਸੋਚੇ ਸਮਝੇ ਜਾਨਾ ਕੁਰਬਾਨ ਕਰ ਦੇਣ ਕਿਉਂਕਿ ਉਸ ਵੇਲ਼ੇ ਮਾੜੀ ਜਿਹੀ ਲੱਕੜੀ ਅਤੇ ਕੱਪੜੇ ਦਾ ਸਵਾਲ ਨਹੀਂ ਹੁੰਦਾ ਬਲਕਿ ਕ਼ੌਮ ਦੀ ਇੱਜ਼ਤ ਦਾ ਸਵਾਲ ਹੁੰਦਾ ਹੈ ਜਿਹੜਾ ਤਮਸੀਲੀ ਜ਼ੁਬਾਨ ਵਿੱਚ ਝੰਡੇ ਦੀ ਸੂਰਤ ਵਿੱਚ ਉਹਨਾਂ ਦੇ ਸਾਹਮਣੇ ਮੌਜੂਦ ਹੁੰਦਾ ਹੈ।

ਇਹ ਜ਼ਿਕਰ ਆਇੰਦਾ ਜਾਰੀ ਰਹਿਣ ਦਾ ਇਰਸ਼ਾਦ ਫ਼ਰਮਾਉਣ ਦੇ ਬਾਅਦ ਹਜ਼ੂਰ ਅਨਵਰ ਨੇ ਦੁਨਿਆ ਦੇ ਸਮੂਹਿਕ ਹਾਲਾਤਾਂ ਲਈ ਦੁਆਵਾਂ ਜਾਰੀ ਰੱਖਣ ਵੱਲ ਤਵੱਜੋ ਦਵਾਈ ਕਿ ਖ਼ਾਸ ਤੌਰ 'ਤੇ ਅੱਜ ਕੱਲ ਪਾਕਿਸਤਾਨ ਅਤੇ ਹਿੰਦੁਸਤਾਨ ਦੇ

ਜਿਹੜੇ ਹਾਲਾਤ ਹਨ ਉਸ ਦੇ ਲਈ ਦੁਆ ਕਰੋ। ਅੱਲਾਹ ਤਆਲਾ ਜ਼ੁਲਮ ਦਾ ਖ਼ਾਤਮਾ ਕਰੇ। ਮਜ਼ਲੂਮਾਂ ਦੀ ਹਿਫ਼ਾਜ਼ਤ ਕਰੇ। ਹਕੂਮਤਾਂ ਨੂੰ ਅਕ਼ਲ ਦੇਵੇ ਕਿ ਜੰਗਾਂ ਵੱਲ ਵਧਣ ਦੀ ਬਜਾਏ ਸੁਲ੍ਹਾ ਅਤੇ ਸਫ਼ਾਈ ਨਾਲ ਮਾਮਲੇ ਤੈ ਕਰਨ। ਅੰਤਰਰਾਸ਼ਟਰੀ ਸੰਧੀਆਂ ਦੀ ਪਾਸਦਾਰੀ ਕਰਨ ਵਾਲੇ ਹੋਣ। ਅਤੇ ਅੱਲਾਹ ਤਆਲਾ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਵੀ, ਜਿੱਥੇ ਅੱਜ ਕੱਲ ਇਨਸਾਫ਼ ਤਾਂ ਮੁਸ਼ਕਿਲ ਨਾਲ ਮਿਲਦਾ ਹੈ, ਪਰ ਅੱਲਾਹ ਤਆਲਾ ਕਰੇ ਉਹਨਾਂ ਸੰਸਥਾਵਾਂ ਨੂੰ ਵੀ ਤੌਫ਼ੀਕ਼ ਦੇਵੇ ਅਤੇ ਦੋਹਾਂ ਪਾਸੇ ਦੇ ਹਮਦਰਦ ਅਤੇ ਦੋਸਤਾਂ ਨੂੰ ਵੀ ਤੌਫ਼ੀਕ਼ ਦੇਵੇ ਕਿ ਮੁਲਕਾਂ ਦੇ ਆਪਸ ਦੇ ਮਾਮਲੇ ਹੱਲ ਕਰਵਾ ਸਕਣ। ਅੱਲਾਹ ਤਆਲਾ ਦੋਹਾਂ ਪਾਸਿਆਂ ਨੂੰ ਅਕ਼ਲ ਦੇਵੇ। ਜੰਗ ਹੁੰਦੀ ਹੈ ਤਾਂ ਦੋਹਾਂ ਪਾਸਿਆਂ ਦਾ ਨੁਕ਼ਸਾਨ ਹੁੰਦਾ ਹੈ ਅਤੇ ਫਿਰ ਸਿਪਾਹੀ ਨਹੀਂ ਬਲਕਿ ਜਨਤਾ ਅਤੇ ਮਜ਼ਲੂਮ ਵੀ ਬਿਨਾ ਵਜ੍ਹਾ ਮਾਰੇ ਜਾਂਦੇ ਹਨ। ਇਹੀ ਅਸੀਂ ਅੱਜ ਕੱਲ ਦੀਆਂ ਜੰਗਾਂ ਵਿੱਚ ਦੇਖ ਰਹੇ ਹਾਂ, ਇਹੀ ਹੋ ਰਿਹਾ ਹੈ ਹਰ ਜਗ੍ਹਾ। ਬਹਰਹਾਲ ਦੁਨਿਆ ਦੇ ਸਭ ਮਜ਼ਲੂਮਾਂ ਲਈ ਦੁਆ ਕਰੋ। ਬਜ਼ਾਹਿਰ ਤਾਂ ਦੁਨਿਆ ਤਬਾਹੀ ਦੇ ਮੁਹਾਣੇ ਤੇ ਖੜੀ ਹੈ। ਅੱਲਾਹ ਤਆਲਾ ਹੀ ਇਸ ਨੂੰ ਤਬਾਹੀ ਤੋਂ ਬਚਾਏ ਅਤੇ ਇਹ ਉਸੇ ਵੇਲੇ ਹੋ ਸਕਦਾ ਹੈ ਜਦ ਇਹ ਖ਼ੁਦਾ ਤਆਲਾ ਦੇ ਵੱਲ ਝੁਕਣ ਵਾਲੇ ਬਣ ਜਾਣ। ਅੱਲਾਹ ਤਆਲਾ ਉਹਨਾਂ ਨੂੰ ਤੌਫ਼ੀਕ਼ ਦੇਵੇ ਅਤੇ ਸਾਨੂੰ ਵੀ ਦੁਆਵਾਂ ਦੀ ਤੌਫ਼ੀਕ਼ ਦੇਵੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਇੱਕ ਸ਼ਹੀਦ ਮੁਕੱਰਮ ਮੁਹੰਮਦ ਆਸਿਫ਼ ਸਾਹਿਬ ਇਬਨ ਰਫ਼ੀਕ਼ ਅਹਿਮਦ ਸਾਹਿਬ ਆਫ਼ ਭੁਲੇਰ ਜ਼ਿਲ੍ਹਾ ਕ਼ਸੂਰ ਦਾ ਜ਼ਿਕਰਿ ਖ਼ੈਰ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ। ਸ਼ਹੀਦ ਮਰਹੂਮ ਨੂੰ ਦੁਸ਼ਮਣਾਨਿ ਅਹਮਦਿੱਯਤ ਨੇ 24 ਅਪ੍ਰੈਲ ਨੂੰ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ।إنا لله وإنا إليه راجعون ਸ਼ਹਾਦਤ ਵੇਲੇ ਸ਼ਹੀਦ ਮਰਹੂਮ ਦੀ ਉਮਰ 19 ਸਾਲ ਸੀ। ਸ਼ਹੀਦ ਮਰਹੂਮ ਨੇਕ, ਇਬਾਦਤ ਗੁਜ਼ਾਰ, ਬਹਾਦੁਰ, ਜ਼ੈਲੀ ਤਨਜ਼ੀਮਾਂ ਦੇ ਕੰਮਾਂ ਵਿੱਚ ਹਿੱਸਾ ਲੈਣ ਵਾਲੇ, ਖੁਸ਼ ਅਖ਼ਲਾਕ਼, ਬਾ ਕਿਰਦਾਰ, ਖ਼ਿਲਾਫ਼ਤ ਨਾਲ ਮੁਹੱਬਤ ਕਰਨ ਵਾਲੇ ਨੌਜਵਾਨ ਸਨ। ਹਜ਼ੂਰ ਅਨਵਰ ਨੇ ਮਰਹੂਮ ਦੀ ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ।

ਹਜ਼ੂਰ ਅਨਮਨ ਨੇ ਫ਼ਰਮਾਇਆ ਕਿ ਪਾਕਿਸਤਾਨ ਵਿੱਚ ਦਹਿਸ਼ਤਗਰਦੀ ਕਰਨ ਵਾਲਿਆਂ ਅਤੇ ਜਮਾਤ ਦੀ ਮੁਖ਼ਾਲਫ਼ਤ ਕਰਨ ਵਾਲਿਆਂ ਦੀ ਜੁੱਰਤ ਵੱਧਦੀ ਜਾਂਦੀ ਹੈ। ਅੱਲਾਹ ਤਆਲਾ ਛੇਤੀ ਉਹਨਾਂ ਦੀ ਪਕੜ ਦੇ ਸਮਾਨ ਪੈਦਾ ਫ਼ਰਮਾਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّئَاتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞